# ਰੋਜਾਨਾ ਕਰਾਇਮ ਰਿਪੋਰਟ ਮਿਤੀ 21.11.2023

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ ਅਤੇ ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਕੋਟਭਾਈ | 165 ਮਿਤੀ 20.11.2023 ਅ/ਧ 326,452,506,323 IPC | ਪਿੰਡ ਭਲਾਈਆਣਾ | ਬਰਬਿਆਨ ਬਲਰਾਜ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਭਲਾਈਆਣਾ ਉਮਰ ਕਰੀਬ 35 ਸਾਲ | ਜਸਪ੍ਰੀਤ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਪਿੰਡ ਭਲਾਈਆਣਾ | ਬਾਕੀ ਹੈ | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਮਿਤੀ 18/11/2023 ਨੂੰ ਮੁੱਦਈ ਬਲਰਾਜ ਸਿੰਘ ਆਪਣੇ ਖੇਤ ਵਿੱਚ ਝੋਨਾ ਦੀ ਪਰਾਲੀ ਦੀਆ ਗੱਠਾ ਬਣਵਾ ਰਿਹਾ ਸੀ ਤਾ ਗੱਠਾ ਨਾਲ ਭਰਿਆ ਟਰੈਕਟਰ ਟਰਾਲੀ ਮੁੱਦਈ ਦੇ ਚਾਚੇ ਬਲਜਿੰਦਰ ਸਿੰਘ ਦੇ ਖੇਤ ਵਿੱਚ ਉਤਰ ਗਿਆ ਸੀ। ਫਿਰ ਮੁੱਦਈ ਟਰੈਕਟਰ ਟਰਾਲੀ ਬਾਹਰ ਕੱਢ ਕੇ ਘਰ ਆ ਗਿਆ ਸੀ ਤਾ ਮਿਤੀ 19/11/2023 ਨੂੰ ਵਕਤ ਕ੍ਰੀਬ 08:00 AM ਦਾ ਹੋਵੇਗਾ ਕਿ ਮੁੱਦਈ ਆਪਣੇ ਘਰ ਵਿੱਚ ਹਾਜਰ ਸੀ ਤਾ ਜਸਪ੍ਰੀਤ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਭਲਾਈਆਣਾ ਮੁੱਦਈ ਦੇ ਘਰ ਵਿੱਚ ਦਾਖਲ ਹੋ ਕੇ ਉਸਨੂੰ ਗਾਲੀ ਗਲੋਚ ਅਤੇ ਜਾਨੋ ਮਾਰਨ ਦੀਆ ਧਮਕੀਆ ਦੇਣ ਲੱਗ ਪਿਆ ਤਾ ਮੁੱਦਈ ਉਸ ਨੂੰ ਸਮਝਾਉਣ ਲੱਗਾ ਤਾ ਜਸਪ੍ਰੀਤ ਸਿੰਘ ਮੁੱਦਈ ਨੂੰ ਮਾਰਨ ਲੱਗਾ ਤਾ ਮੁੱਦਈ ਨੇ ਆਪਣੀ ਖੱਬੀ ਬਾਹ ਅੱਗੇ ਕਰਕੇ ਉਸ ਨੂੰ ਮਾਰਨ ਤੋ ਰੋਕਣ ਲੱਗਾ ਤਾ ਜਸਪ੍ਰੀਤ ਸਿੰਘ ਨੇ ਮੁੱਦਈ ਦਾ ਹੱਥ ਫੜਕੇ ਉਸਦੇ ਖੱਬੇ ਹੱਥ ਦੀ ਅੰਗੂਠੇ ਦੇ ਨਾਲ ਦੀ ਉਗਲ ਆਪਣੇ ਮੂੰਹ ਵਿੱਚ ਪਾ ਕੇ ਅਗਲੇ ਤਿਖੇ ਦੰਦਾ ਨਾਲ ਦੰਦੀ ਭਰ ਕੇ ਕੱਟ ਦਿੱਤੀ ਜਦ ਮੁੱਦਈ ਨੇ ਰੌਲਾ ਪਾਇਆ ਤਾ ਉਸਦਾ ਭਰਾ ਸ਼ਿਵਰਾਜ ਸਿੰਘ ਵੀ ਘਰ ਸੀ ਨੇ ਭੱਜ ਕੇ ਆ ਕੇ ਮੁੱਦਈ ਨੂੰ ਜਸਪ੍ਰੀਤ ਸਿੰਘ ਪਾਸੋ ਛਡਾਇਆ ਅਤੇ ਉਸਦੀ ਉਗਲ ਦਾ ਅਗਲਾ ਹਿੱਸਾ ਧਰਤੀ ਤੇ ਕੱਟ ਕੇ ਡਿੱਗ ਪਿਆ ਫਿਰ ਮੁੱਦਈ ਦਾ ਭਰਾ ਸ਼ਿਵਰਾਜ ਸਿੰਘ ਉਸਨੂੰ ਫੜਕੇ ਕਮਰੇ ਵਿੱਚ ਜਾਣ ਲੱਗਾ ਤਾ ਜਸਪ੍ਰੀਤ ਸਿੰਘ ਨੇ ਘਰੋ ਹੀ ਇੱਕ ਇੱਟ ਦਾ ਰੋੜਾ ਚੁੱਕ ਕੇ ਮੁੱਦਈ ਦੇ ਮਾਰਿਆ ਜੋ ਉਸਦੇ ਸਿਰ ਦੇ ਪਿਛਲੇ ਪਾਸੇ ਵੱਜਾ ਤਾ ਫਿਰ ਜਸਪ੍ਰੀਤ ਸਿੰਘ ਮੌਕਾ ਤੋ ਭੱਜ ਗਿਆ।ਵਜਾ ਰੰਜਿਸ਼ ਇਹ ਹੈ ਕਿ ਮੁੱਦਈ ਦਾ ਟਰੈਕਟਰ ਟਰਾਲੀ ਜੋ ਜਸਪ੍ਰੀਤ ਸਿੰਘ ਦੇ ਖੇਤ ਵਿੱਚ ਉਤਰ ਗਿਆ ਸੀ ਜਿਸ ਖੇਤ ਵਿੱਚ ਇਸ ਨੇ ਕਣਕ ਬੀਜੀ ਹੋਈ ਸੀ ਇਸ ਕਰਕੇ ਗੁੱਸੇ ਵਿੱਚ ਆ ਕੇ ਉਸਨੇ ਮੁੱਦਈ ਦੀ ਉਗਲ ਅਗਲੇ ਦੰਦਾ ਨਾਲ ਕੱਟ ਦਿੱਤੀ ਹੈ ਅਤੇ ਜਾਨੋ ਮਾਰਨ ਧਮਕੀਆ ਦਿੱਤੀਆ ਹਨ।ਜਿਸਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ ਹੈ। | -- | ਸ.ਥ ਗੁਰਮੀਤ ਸਿੰਘ |
| 2 | ਸਦਰ ਮਲੋਟ | 128 ਮਿਤੀ 20.11.2023 ਅ/ਧ 15D/61/85 NDPS ACT | ਪਿੰਡ ਮਲੋਟ | ਰੁੱਕਾ ਵੱਲੋ: ਸ:ਥ ਅਸ਼ੋਕ ਕੁਮਾਰ | ਗੁਰਵਿੰਦਰ ਸਿੰਘ ਪੁਤਰ ਹਰਬੰਸ ਸਿੰਘ ਵਾਸੀ ਪਿੰਡ ਕੋਲਿਆਂਵਾਲੀ | ਹੋ ਚੁੱਕੀ | ਬਰਾਏ ਕਰਨੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸਾਂ ਦੇ ਪੁਲਿਸ ਪਾਰਟੀ ਜਦੋਂ ਮਲੋਟ - ਮੁਕਤਸਰ ਸਾਹਿਬ ਰੋਡ ਪਰ ਜਾ ਰਹੀ ਸੀ ਜਦੋਂ ਪੁਲਿਸ ਪਾਰਟੀ ਜਦੋਂ ਪੁਰਾਣੀ ਸ਼ੂਗਰ ਮਿੱਲ ਪਾਸ ਪੁੱਜੀ ਤਾਂ ਸਾਹਮਣੇ ਤੋਂ ਇੱਕ ਨੌਜਵਾਨ ਹੱਥ ਵਿੱਚ ਬੈਗ ਫੜੀ ਆਉਂਦਾ ਦਿਖਾਈ ਦਿੱਤਾ ਜੋ ਕਿ ਪੁਲਿਸ ਪਾਰਟ ਨੂੰ ਸਾਹਮਣੇ ਦੇਖ ਘਬਰਾ ਗਿਆ ਅਤੇ ਪਿੱਛੇ ਮੁੜਣ ਲੱਗਾ ਸ਼ੱਕ ਹੋਣ ਤੇ ਪੁਲਿਸ ਪਾਰਟੀ ਨੇ ਉਕਤ ਨੂੰ ਰੋਕ ਲਿਆ ਤਲਾਸ਼ੀ ਦੌਰਾਣ ਉਕਤ ਪਾਸੋਂ 03 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਈ ਜਿਸ ਪਰ ਉਕਤ ਮੁਕੱਦਮਾ ਦਰਜ ਰਜਿਸ਼ਟਰ ਕੀਤਾ ਗਿਆ। | 03 ਕਿਲੋਗ੍ਰਾਮ ਭੁੱਕੀ ਚੁਰਾ ਪੋਸਤ | ਸ:ਥ ਤੇਜਿੰਦਰ ਸਿੰਘ |
| 3 | ਲੰਬੀ | 258 ਮਿਤੀ 20.11.2023 ਅ/ਧ 13A/3/67 G ACT | ਮੰਡੀ ਕਿਲਿਆਂਵਾਲੀ | ਰੁੱਕਾ ਵੱਲੋਂ: ਸ.ਥ ਬਾਗ ਚੰਦ ਥਾਣਾ ਕਿਲ਼ਿਆਂਵਾਲੀ | ਮਨੋਹਰ ਲਾਲ ਪੁੱਤਰ ਰਾਮ ਚੰਦ ਵਾਸੀ ਵਾਰਡ ਨੰਬਰ 03 ਨੇੜੇ ਦੁਰਗਾ ਮੰਦਰ ਮੰਡੀ ਡੱਬਵਾਲੀ | ਬਰ ਜਮਾਨਤ ਰਿਹਾਅ | ਸੰਖੇਪ ਹਾਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਮਿਤੀ 20.11.23 ਨੂੰ ਸ.ਥ ਬਾਗ ਚੰਦ ਨੰਬਰ 559/ਸਮਸ ਸਮੇਤ ਸਾਥੀ ਕ੍ਰਮਚਾਰੀਆਂ ਦੇ ਬ੍ਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਮੰਡੀ ਕਿਲਿਆਵਾਲੀ ਪੁੱਜਾ ਤਾਂ ਮੁਖਬਰ ਖਾਸ ਨੇ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਮਨੋਹਰ ਲਾਲ ਉਰਫ ਪੱਪੂ ਉਕਤ ਜ਼ੋ ਕਿ ਦੜਾ ਸੱਟਾ ਲਗਵਾਉਣ ਦਾ ਆਦੀ ਹੈ।ਜ਼ੋ ਹੁਣ ਵੀ ਨੇੜੇ ਬੱਸ ਸਟੈਡ ਮੰਡੀ ਕਿਲਿਆਵਾਲੀ ਨੇੜੇ ਗਲੀ ਵਿੱਚ ਤੁਰ ਫਿਰ ਕੇ ਦੜਾ ਸੱਟਾ ਲਗਾ ਰਿਹਾ ਹੈ ਅਤੇ ਉੱਚੀ-ਉੱਚੀ ਅਵਾਜ ਵਿੱਚ ਕਹਿ ਰਿਹਾ ਹੈ ਕਿ ਆਪ ਵੱਲੋਂ ਲਗਾਏ ਗਏ ਨੰਬਰ ਆਉਣ ਤੇ ਇੱਕ ਰੁਪਏ ਦੇ ਬਦਲੇ 80/- ਰੁਪਏ ਦੇਵਾਗਾ।ਜੇਕਰ ਆਪ ਵੱਲੋਂ ਲਾਇਆ ਹੋਇਆ ਨੰਬਰ ਨਾ ਆਇਆ ਤਾਂ ਆਪ ਵੱਲੋਂ ਲਗਾਏ ਹੋਏ ਪੈਸੇ ਮੈਂ ਖੁਦ ਹਜਮ ਕਰ ਜਾਵਾਗਾ।ਇਤਲਾਹ ਮੋਹਤਬਾਰ ਤੇ ਭਰੋਸੇਯੋਗ ਹੋਣ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ ਹੈ। | 2770/- ਰੁਪਏ ਕਰੰਸੀ ਨੋਟ | ਸ.ਥ ਬਾਗ ਚੰਦ ਥਾਣਾ ਕਿਲ਼ਿਆਂਵਾਲੀ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ